ਦਫ਼ਤਰ ਜਿਲ੍ਹਾ ਸਿੱਖਿਆ ਅਫਸਰ(ਸੈਸਿ) ਅੰਮ੍ਰਿਤਸਰ

ਵੱਲ,

ਸਮੂਹ ਪ੍ਰਿੰਸੀਪਲ/ ਮੁੱਖ ਅਧਿਆਪਕ,
ਜਿਲ੍ਹਾ ਅੰਮ੍ਰਿਤਸਰ ।

ਪੱਤਰ ਨੰ: ਅ-8/2016/- 6207-6406
ਮਿਤੀ:04/7/16

ਵਿਸ਼ਾ:- ਮਾਸਟਰ ਕਾਡਰ ਨੂੰ ਬਤੋਰ ਲੈਕਚਰਾਰ ਕਾਡਰ ਦੀਆਂ ਪੱਦ-ਉਨਤੀ ਸਬੰਧੀ।

ਹਵਾਲਾ: ਡਾਇਰੈਕਟਰ, ਸਿੱਖਿਆ ਵਿਭਾਗ (ਸੈਸਿ) ਪੰਜਾਬ ਜੀ ਦੇ ਪੱਤਰ ਨੰਬਰ 11/67-2015 ਅਮਲਾ-1 ਮਿਤੀ ਸਅਸ ਨਗਰ: 03.07.2016 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਤੇ ਹਵਾਲੇ ਅਧੀਨ ਪੱਤਰ ਰਾਂਹੀ ਡਾਇਰਕੈਟਰ, ਸਿੱਖਿਆ ਵਿਭਾਗ (ਸੈਸਿ) ਪੰਜਾਬ ਜੀ ਦੇ ਹੁਕਮਾਂ ਰਾਂਹੀ ਮਾਸਟਰ/ ਮਿਸਟ੍ਰੈਸ ਤੋ ਬਤੋਰ ਲੈਕਚਰਾਰ ਤਰੱਕੀਆ ਕੀਤੀਆਂ ਗਈਆ ਹਨ। ਇਨ੍ਹਾਂ ਹੁਕਮਾਂ ਦੀਆਂ ਕਾਪੀਆ ਸਿੱਖਿਆ ਵਿਭਾਗ ਦੀ ਵੈਬਸਾਈਟ ਤੋ ਡਾਉਨਲੋਡ ਕਰ ਲਈਆਂ ਜਾਣ। ਸਬੰਧੰਤ ਕਰਮਚਾਰੀਆ ਨੂੰ ਇਹ ਹੁਕਮ ਨੋਟ ਕਰਵਾ ਦਿੱਤੇ ਜਾਣ।

2. ਇਨ੍ਹਾਂ ਹੁਕਮਾਂ ਦੇ ਨੋਟ ਨੰਬਰ 1 ਵਿੱਚ ਹੇਠ ਲਿਖੇ ਅਨੁਸਾਰ ਹੁਕਮ ਕੀਤੇ ਹਨ:-

" ਪੱਦ-ਉਨਤੀ ਪ੍ਰਕ੍ਰਿਆ ਲਈ ਮਿਤੀ 14.01.2016 ਤੱਕ ਯੋਗ ਕਰਮਚਾਰੀਆ ਦਾ ਸੇਵਾ ਰਿਕਾਰਡ ਰਾਜ ਦੇ ਜਿਲ੍ਹਾ ਸਿੱਖਿਆ ਅਫ਼ਸਰਾਂ ਤੋ ਪ੍ਰਾਪਤ ਕੀਤਾ ਗਿਆ ਸੀ। ਇਸ ਲਈ 14.01.2016 ਤੱਕ ਐਮ.ਏ/ ਐਮ.ਐਸ.ਸੀ/ ਐਮ-ਕਾਮ ਪਾਸ ਕਰਮਚਾਰੀਆਂ ਨੂੰ ਹੀ ਯੋਗ ਕਰਾਰ ਦਿੱਤਾ ਗਿਆ ਹੈ। ਜਦੋਂ ਕਿ ਕੁਝ ਕਰਮਚਾਰੀ 14.01.2016 ਤੋ ਬਾਅਦ 30.06.2016 ਤੱਕ ਨਿਰਧਾਰਿਤ ਯੋਗਤਾਂ ਪ੍ਰਾਪਤ ਕਰ ਚੁੱਕੇ ਹਨ ਅਤੇ ਆਪਣੇ ਵਿਸ਼ੇ ਵਿੱਚ ਪੱਦਉਨਤੀ ਹੋਣ ਵਾਲੇ ਅੰਤਿਮ ਕਰਮਚਾਰੀ ਤੋਂ ਸੀਨੀਅਰ ਹਨ, ਉਨ੍ਹਾਂ ਦੇ ਕੇਸ ਵੀ ਸਬੰਧੰਤ ਜਿਲ੍ਹਾ ਸਿੱਖਿਆ ਅਫ਼ਸਰ ਮਿਤੀ 08.07.2016 ਤੱਕ ਕਮਰਾ ਨੰ 202, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਫੇਜ਼ 3 ਬੀ 1, ਸਅਸ ਵਿਖੇ ਪੁਜਦੇ ਕਰਣਗੇ। ਜੇਕਰ ਉਹ ਯੋਗ ਪਾਏ ਜਾਂਦੇ ਹਨ ਤਾਂ ਅਜਿਹੇ ਕਰਮਚਾਰੀਆ ਨੂੰ ਵੀ ਮਿਤੀ 30.06.2016 ਤੱਕ ਖਾਲੀ ਅਸਾਮੀਆ ਵਿਰੁੱਧ ਪਦਉਨਤ ਕਰਨ ਲਈ ਵਿਚਾਰਿਆਂ ਜਾਵੇਗਾ ਅਤੇ ਇਹਨਾਂ ਨੂੰ ਇਸ ਮਿਤੀ ਤੋ ਹੀ ਪਦ-ਉਨਤ ਕੀਤਾ ਜਾਵੇਗਾ। ਅਜਿਹੇ ਯੋਗ ਕਰਮਚਾਰੀ ਆਪਣੀ ਯੋਗਤਾਵਾਂ ਦੇ ਸਰਟੀਫਿਕੇਟਾਂ ਦੀਆਂ ਕਾਪੀਆ ਸਮੇਤ ਪ੍ਰਤੀ ਬੇਨਤੀ ਸਿਧੇ ਤੋਰ ਤੇ ਉਕਤ ਮਿਤੀ ਤੱਕ ਉਕਤ ਦਰਸਾਏ ਪਤੇ ਤੇ ਨਿੱਜੀ ਤੋਰ ਤੇ ਦੇ ਸਕਦੇ ਹਨ। ਡਾਕ ਰਾਂਹੀ ਪ੍ਰਤੀ ਬੇਨਤੀ ਨਾਂ ਭੇਜੀ ਜਾਵੇ। "

ਇਸ ਸਬੰਧੀ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਨ੍ਹਾਂ ਹੁਕਮਾਂ ਦੇ ਅਨੁਸਾਰ ਕੇਸ ਤਿਆਰ ਕਰਕੇ ਮਿਤੀ 05.07.2016 ਤੱਕ ਇਸ ਦਫ਼ਤਰ ਵਿਖੇ ਪੁੱਜਦਾ ਕੀਤੇ ਜਾਣ। ਇਸ ਮਿਤੀ ਤੋ ਬਾਅਦ ਪ੍ਰਾਪਤ ਕੇਸਾਂ ਤੇ ਕੋਈ ਵਿਚਾਰ ਨਹੀ ਕੀਤਾ ਜਾਵੇਗਾ। ਦੇਰੀ ਸਬੰਧੀ ਨਿਰੋਲ ਜਿੰਮੇਵਾਰੀ ਆਪਦੀ ਨਿੱਜੀ ਹੋਵੇਗੀ।

ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ)
ਅੰਮ੍ਰਿਤਸਰ
4/7/16